# ਪੰਜਾਬ ਸਕੂਲ ਸਿੱਖਿਆ ਬੋਰਡ

## ( ਪ੍ਰੈੱਸ ਨੋਟ )

ਸੀਨੀਅਰ ਸੈਕੰਡਰੀ ਪ੍ਰੀਖਿਆ ਸੈਸ਼ਨ-2021-22 (ਰੈਗੂਲਰ ਟਰਮ-1 ਅਤੇ ਟਰਮ-2); (ਸਾਲਾਨਾ) ਰੈਗੂਲਰ ਸਮੇਤ ਓਪਨ ਸਕੂਲ, ਸਾਇੰਸ, ਕਾਮਰਸ, ਹਿਊਮੈਨਟੀਜ਼ ,ਵੋਕੇਸ਼ਨਲ ਗਰੁੱਪ, ਕੰਪਾਰਟਮੈਂਟ ਅਤੇ ਰੀ-ਅਪੀਅਰ (ਓਪਨ ਸਕੂਲ) ਦੀ ਪ੍ਰੀਖਿਆ ਦਾ ਨਤੀਜਾ ਮਿਤੀ: 28/06/2022 ਨੂੰ ਘੋਸ਼ਿਤ ਹੋਇਆ ।

ਇਸ ਪ੍ਰੀਖਿਆ ਵਿੱਚ ਕੁੱਲ **316813** ਪ੍ਰੀਖਿਆਰਥੀ ਅਪੀਅਰ ਹੋਏ, ਜਿਸ ਵਿਚੋਂ **304921** ਪ੍ਰੀਖਿਆਰਥੀ ਪ੍ਰੀਖਿਆ ਵਿੱਚ ਪਾਸ ਹੋਏ ਅਤੇ ਨਤੀਜਿਆਂ ਦੀ ਕੁੱਲ ਜਨਰਲ ਪਾਸ ਪ੍ਰਤੀਸ਼ਤਤਾ **96.24%** ਰਹੀ ।

ਸੀਨੀਅਰ ਸੈਕੰਡਰੀ ਪ੍ਰੀਖਿਆ ਸੈਸ਼ਨ-2021-22 ਦੌਰਾਨ ਅਪੀਅਰ ਹੋਏ ਪ੍ਰੀਖਿਆਰਥੀਆਂ ਦੇ ਵੇਰਵਿਆਂ/ ਅੰਕਾਂ ਸਮੇਤ ਨਤੀਜਾ ਮਿਤੀ: 29/06/2022 ਨੂੰ ਸਵੇਰੇ 10:00 (IST) ਵਜੇ ਬੋਰਡ ਦੀ ਵੈਬ-ਸਾਈਟ www.indiaresults.com ਅਤੇ www.pseb.ac.in ਤੇ ਸਬੰਧਤਾਂ ਦੀ ਜਾਣਕਾਰੀ ਲਈ ਉਪਲੱਬਧ ਹੋਣਗੇ । ਪ੍ਰੀਖਿਆਰਥੀ ਰੋਲ ਨੰਬਰ ਜਾਂ ਨਾਮ, ਪਿਤਾ ਦਾ ਨਾਮ ਅਤੇ ਮਾਤਾ ਦਾ ਨਾਮ ਦਰਜ਼ ਕਰਦੇ ਹੋਏ ਆਨ-ਲਾਈਨ ਆਪਣੇ ਨਤੀਜੇ ਦੀ ਜਾਣਕਾਰੀ ਲੈ ਸਕਣਗੇ ।

ਬਾਰ੍ਹਵੀਂ ਸ਼੍ਰੇਣੀ ਸੈਸ਼ਨ 2021-22 ਅਧੀਨ ਟਰਮ-2 ਦੀ ਪ੍ਰੀਖਿਆ ਦੀ ਰੀ-ਚੈਕਿੰਗ ਅਤੇ ਮੁੜ-ਮੁਲਾਂਕਣ ਕਰਵਾਉਣ ਲਈ ਫਾਰਮ ਅਤੇ ਫੀਸਾਂ ਦਾ ਸ਼ਡਿਊਲ ਵੱਖਰੇ ਤੌਰ ਤੇ ਜਾਰੀ ਕੀਤਾ ਜਾਵੇਗਾ ।

ਬਾਰ੍ਹਵੀਂ ਸ਼੍ਰੇਣੀ ਸੈਸ਼ਨ 2021-22 ਟਰਮ-2 ਦੀ ਲਿਖਤੀ ਸਮੇਤ ਪ੍ਰਯੋਗੀ ਪ੍ਰੀਖਿਆ ਮਿਤੀ:08/06/2022 ਤੱਕ ਮੁਕੰਮਲ ਹੋਣ ਉਪਰੰਤ ਪ੍ਰੀਖਿਆਰਥੀਆਂ ਦੇ ਹਿਤਾਂ ਨੂੰ ਮੁੱਖ ਰੱਖਦਿਆਂ ਇਹ ਨਤੀਜਾ 20 ਦਿਨਾਂ ਵਿੱਚ ਹੀ ਘੋਸ਼ਿਤ ਕਰਨ ਲਈ ਬੋਰਡ ਦੀ ਹਾਇਰ ਅਥਾਰਟੀ ਦੀ ਰਹਿਨੁਮਾਈ ਹੇਠ ਇੰਨੇ ਘੱਟ ਸਮੇਂ ਵਿੱਚ ਨਤੀਜਾ ਤਿਆਰ ਕਰਨਾ ਸਮੂਹ ਬੋਰਡ ਕਰਮਚਾਰੀਆਂ , ਮੁਲਾਂਕਣ ਕਰਨ ਵਾਲੇ ਅਮਲੇ ਦੀ ਸਖ਼ਤ ਮਿਹਨਤ ਅਤੇ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਦੀ ਕੋਆਰਡੀਨੇਸ਼ਨ ਸ਼ਲਾਂਘਾ ਯੋਗ ਹੈ ।

ਸੀਨੀਅਰ ਸੈਕੰਡਰੀ ਪ੍ਰੀਖਿਆ ਸੈਸ਼ਨ-2021-22 ਅਧੀਨ ਘੋਸ਼ਿਤ ਹੋਏ ਨਤੀਜਿਆਂ ਅਨੁਸਾਰ ਪ੍ਰੀਖਿਆਰਥੀਆਂ ਦੇ ਸਰਟੀਫਿਕੇਟ Digilocker ਤੇ ਅਪਲੋਡ ਹੋਣਗੇ । ਇਸ ਤੋਂ ਇਲਾਵਾ ਜਿਨ੍ਹਾਂ ਪ੍ਰੀਖਿਆਰਥੀਆਂ ਨੇ ਸਰਟੀਫਿਕੇਟ ਦੀ ਹਾਰਡ ਕਾਪੀ ਲੈਣ ਲਈ ਪ੍ਰੀਖਿਆ ਫਾਰਮ ਵਿੱਚ ਜਿਕਰ ਕੀਤਾ ਹੈ, ਅਜਿਹੇ ਪ੍ਰੀਖਿਆਰਥੀਆਂ ਦੇ ਸਰਟੀਫਿਕੇਟਾਂ ਦੀ ਹਾਰਡ ਕਾਪੀ ਸਕੂਲਾਂ ਨੂੰ 3-4 ਹਫਤੇ ਵਿੱਚ ਭੇਜੀ ਜਾਵੇਗੀ, ਸਰਟੀਫਿਕੇਟ ਲੈਣ ਲਈ ਸਕੂਲ ਨਾਲ ਸੰਪਰਕ ਰੱਖਿਆ ਜਾਵੇ । ਸਰਟੀਫਿਕੇਟ ਭੇਜਣ ਸਬੰਧੀ ਜਾਣਕਾਰੀ ਸਕੂਲਾਂ ਦੀ ਲਾੱਗ ਇੰਨ ਆਈ ਡੀ / ਬੋਰਡ ਵੈਬ-ਸਾਈਟ ਰਾਹੀਂ ਦਿੱਤੀ ਜਾਵੇਗੀ ।

28.06.2022

(ਜੇ.ਆਰ.ਮਹਿਰੋਕ)

ਕੰਟਰੋਲਰ (ਪ੍ਰੀਖਿਆਵਾਂ)